# ਆਪਣੇ ਘਰ ਨੂੰ ਚੰਗੀ ਹਾਲਤ ਵਿਚ ਰੱਖਣਾ



ਚਾਹੇ ਤੁਸੀਂ ਕਿਰਾਏ ਦੇ ਅਪਾਰਟਮੈਂਟ ਵਿਚ ਰਹਿੰਦੇ ਹੋ ਜਾਂ ਤੁਹਾਡਾ ਆਪਣਾ ਖਰੀਦਿਆ ਹੋਇਆ ਮਕਾਨ ਹੈ, ਜਿੱਥੇ ਵੀ ਤੁਸੀਂ ਰਹਿੰਦੇ ਹੋ ਉਹ ਥਾਂ ਇਕ ਛੱਤ ਅਤੇ ਚਾਰ ਦੀਵਾਰਾਂ ਤੋਂ ਵੱਧ ਮਾਅਨੇ ਰੱਖਦੀ ਹੈ। ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਘਰ ਹੈ।

ਇਹ ਯਕੀਨੀ ਬਣਾਉਣ ਵਿਚ ਮਦਦ ਲਈ ਕਿ ਤੁਹਾਡਾ ਪਰਿਵਾਰ ਜਿੰਨਾ ਜ਼ਿਆਦਾ ਸੰਭਵ ਹੋਏ ਆਰਾਮ ਨਾਲ ਰਹੇ, Canada Mortgage and Housing Corporation (CMHC), ਤੁਹਾਡੇ ਘਰ ਨੂੰ ਚੰਗੀ ਹਾਲਤ ਵਿਚ ਰੱਖਣ ਲਈ ਹੇਠ ਲਿਖੇ ਸੁਝਾਅ ਦਿੰਦੀ ਹੈ:

- ਜੇ ਤੁਹਾਡੇ ਕੋਲ ਏਅਰ ਕੰਡੀਸ਼ਨਰ ਹੈ, ਤਾਂ ਇਸਨੂੰ ਕੇਵਲ ਉਸ ਸਮੇਂ ਵਰਤੋ ਜਦੋਂ ਜ਼ਰੂਰਤ ਹੋਏ, ਅਤੇ ਜਦੋਂ ਇਹ ਚੱਲ ਰਿਹਾ ਹੋਏ ਤਾਂ ਖਿੜਕੀਆਂ ਨੂੰ ਬੰਦ ਕਰ ਦਿਉ। ਨਹੀਂ ਤਾਂ ਤੁਸੀਂ, ਘਰ ਤੋਂ ਬਾਹਰ ਵਾਲੇ ਇਲਾਕੇ ਨੂੰ ਠੰਡਾ ਕਰਨ ਲਈ ਪੈਸੇ ਦਾ ਭੁਗਤਾਨ ਕਰ ਰਹੇ ਹੋਵੋਗੇ।
- ਜਦੋਂ ਤੁਸੀਂ ਨਹਾਉਂਦੇ ਹੋ ਜਾਂ ਸ਼ਾਵਰ ਲੈਂਦੇ ਹੋ ਤਾਂ ਬਾਥਰੂਮ ਦੇ ਪੱਖੇ ਨੂੰ ਹਮੇਸ਼ਾ ਚਲਾਉ, ਅਤੇ ਜਦੋਂ ਵੀ ਤੁਸੀਂ ਖਾਣਾ ਬਣਾ ਰਹੇ ਹੁੰਦੇ ਹੋ, ਸਟੋਵ ਦੇ ਐਗਜ਼ਾਸਟ ਫੈਨ (ਹਵਾ ਬਾਹਰ ਕੱਢਣ ਵਾਲਾ ਪੱਖਾ) ਨੂੰ ਚਲਾ ਦਿਉ। ਇਹ ਅਣਚਾਹੀ ਨਮੀ ਨੂੰ ਹਟਾਏਗਾ ਅਤੇ ਵਾਸ਼ਨਾਵਾਂ ਨੂੰ ਘੱਟ ਕਰਨ ਵਿਚ ਮਦਦ ਕਰੇਗਾ।
- ਗਿੱਲੇ ਕੱਪੜਿਆਂ ਨੂੰ ਕਦੇ ਵੀ ਘਰ ਦੇ ਅੰਦਰ ਸੁੱਕਣ ਲਈ ਨਾ ਪਾਉ ਜਾਂ ਫੇਰ ਉਨ੍ਹਾਂ ਦੇ ਨਜ਼ਦੀਕ ਕੋਈ ਖਿੜਕੀ ਖੁੱਲ੍ਹੀ ਰੱਖੋ। ਸਰਦੀਆਂ ਵਿਚ ਜੇ ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਘਰ ਦੇ ਅੰਦਰ ਹਵਾ ਸੁੱਕੀ ਹੈ, ਤਾਂ ਹੀਊਮਿਡੀਫਾਇਰ ਦੀ ਵਰਤੋਂ ਕਰ ਸਕਦੇ ਹੋ ਜਾਂ ਖੁੱਲ੍ਹੇ ਬਰਤਨ ਵਿਚ ਪਾਣੀ ਰੱਖ ਸਕਦੇ ਹੋ। ਗਰਮੀਆਂ ਵਿਚ ਜੇ ਤੁਸੀਂ ਬੇਸਮੈਂਟ ਅਪਾਰਟਮੈਂਟ ਵਿਚ ਰਹਿੰਦੇ ਹੋ, ਤਾਂ ਤੁਹਾਨੂੰ ਹਵਾ ਵਿਚੋਂ ਨਮੀ ਹਟਾਉਣ ਲਈ ਡਿਹੀਊਮਿਡੀਫਾਇਰ ਦੀ ਵਰਤੋਂ ਕਰਨੀ ਪਏਗੀ।
- ਜਦੋਂ ਤੱਕ ਤੁਸੀਂ ਨਾ ਜਾਣਦੇ ਹੋਵੋ ਕਿ ਫਾਇਰ ਪਲੇਸ ਨੂੰ ਕਿਸ ਤਰ੍ਹਾਂ ਚਲਾਉਣਾ ਹੈ, ਇਸਦੀ ਵਰਤੋਂ ਨਾ ਕਰੋ। ਜੇ ਤੁਹਾਨੂੰ ਇਸ ਬਾਰੇ ਪੱਕਾ ਨਹੀਂ ਪਤਾ ਕਿ ਫਾਇਰ ਪਲੇਸ ਨੂੰ ਕਿਸ ਤਰ੍ਹਾਂ ਚਲਾਉਣਾ ਹੈ, ਤਾਂ ਆਪਣੇ ਮਕਾਨ ਮਾਲਕ ਜਾਂ ਸੁਪਰੀਟੈਂਡੈਂਟ ਨੂੰ ਪੁੱਛੋ ਕਿ ਇਸ ਨੂੰ ਕਿਸ ਤਰ੍ਹਾਂ ਚਲਾਉਣਾ ਹੈ।
- ਆਪਣੀਆਂ ਚਾਬੀਆਂ ਦੀਆਂ ਨਕਲਾਂ (ਡੁਪਲੀਕੇਟ ਚਾਬੀਆਂ) ਕਿਸੇ ਵੀ ਅਜਿਹੇ ਵਿਅਕਤੀ ਨੂੰ ਨਾ ਦਿਉ ਜੋ ਤੁਹਾਡੇ ਨਾਲ ਨਹੀਂ ਰਹਿੰਦਾ। ਜੇ ਤੁਸੀਂ ਕਿਤੇ ਜਾਣ ਸਮੇਂ ਚਾਬੀਆਂ ਕਿਸੇ ਦੋਸਤ ਨੂੰ ਦਿੰਦੇ ਹੋ ਤਾਂ ਇਹ ਯਕੀਨੀ ਬਣਾਉ ਕਿ ਵਾਪਸ ਆਉਣ 'ਤੇ ਤੁਸੀਂ ਉਨ੍ਹਾਂ ਨੂੰ ਵਾਪਸ ਲੈ ਲੈਂਦੇ ਹੋ।
- ਜੇ ਤੁਹਾਡਾ ਸ਼ਾਵਰ ਸ਼ੀਸ਼ੇ ਨਾਲ ਢੱਕਿਆ ਨਾ ਹੋਏ ਤਾਂ ਸ਼ਾਵਰ ਦੇ ਪਰਦੇ ਦੀ ਵਰਤੋਂ ਕਰੋ। ਸ਼ਾਵਰ ਦੇ ਪਰਦੇ ਬਾਥ ਟੱਬ ਦੇ ਅੰਦਰ ਟੰਗੇ ਹੁੰਦੇ ਹਨ, ਤਾਂ ਜੋ ਪਾਣੀ ਫਰਸ਼ ਉੱਤੇ ਨਾ ਡਿੱਗੇ।
- ਇਹ ਯਕੀਨੀ ਬਣਾਉ ਕਿ ਤੁਹਾਡੇ ਘਰ ਵਿਚ ਧੂੰਏ ਦਾ ਪਤਾ ਲਗਾਉਣ ਵਾਲੀ ਘੱਟੋ ਘੱਟ ਇਕ ਮਸ਼ੀਨ (ਸਮੋਕ ਡਿਟੈਕਟਰ) ਹੈ ਅਤੇ ਇਹ ਵੀ ਯਕੀਨੀ ਬਣਾਉ ਕਿ ਜਦੋਂ ਇਸਦੀਆਂ ਬੈਟਰੀਆਂ ਖਤਮ ਹੋ ਜਾਣ ਤਾਂ ਤੁਸੀਂ ਇਨ੍ਹਾਂ ਨੂੰ ਬਦਲ ਦਿੰਦੇ ਹੋ। ਜਦੋਂ ਬੈਟਰੀਆਂ ਨੂੰ ਬਦਲਣ ਦੀ ਜ਼ਰੂਰਤ ਹੋਏ ਤਾਂ ਤੁਹਾਨੂੰ ਦੱਸਣ ਲਈ ਧੂੰਏ ਦਾ ਪਤਾ ਲਗਾਉਣ ਵਾਲੀਆਂ ਬਹੁਤੀਆਂ ਮਸ਼ੀਨਾਂ ਬੀਪਿੰਗ ਦੀ ਆਵਾਜ਼ ਕਰਦੀਆਂ ਹਨ।
- ਖੁੱਲ੍ਹੇ ਭੋਜਨ ਜਾਂ ਕੂੜੇ ਨੂੰ ਸੜਨ ਲਈ ਕਦੇ ਵੀ ਬਾਹਰ ਨਾ ਛੱਡੋ, ਕਿਉਂਕਿ ਇਸਦੇ ਨਾਲ, ਜੀਵਾਣੂੰ, ਚੂਹੇ ਅਤੇ ਹੋਰ ਕੀਟਾਣੂੰ ਆਕਰਸ਼ਿਤ ਹੁੰਦੇ ਹਨ। ਇਹ ਵੀ ਕਿ ਤੁਸੀਂ ਉਸ ਕਿਸੇ ਵੀ ਅਤਿਰਿਕਤ ਸਮਾਨ ਤੋਂ ਛੁਟਕਾਰਾ ਪਾਉ ਜਿਸਦੀ ਤੁਹਾਨੂੰ ਜ਼ਰੂਰਤ ਨਹੀਂ ਹੈ ਅਤੇ ਆਪਣੇ ਘਰ ਨੂੰ ਨਿਯਮਿਤ ਤੌਰ 'ਤੇ ਸਾਫ਼ ਕਰਦੇ ਰਹੋ।

67336 23-06-11 Keeping Your Home in Good Condition (Punjabi version)

Canada

CMHC SCHL
HOME TO CANADIANS

- ਜੇ ਤੁਹਾਡੇ ਕੋਲ ਸਪੇਸ ਹੀਟਰ ਹੈ, ਤਾਂ ਆਪਣੇ ਸੁਪਰੀਟੈਂਡੈਂਟ ਨੂੰ ਪੁੱਛੋ ਕਿ ਇਸਦੀ ਵਰਤੋਂ ਕਿਸ ਤਰ੍ਹਾਂ ਕਰਨੀ ਹੈ। ਸਪੇਸ ਹੀਟਰਜ਼ ਬਹੁਤ ਜ਼ਿਆਦਾ ਬਿਜਲੀ ਦੀ ਵਰਤੋਂ ਕਰਦੇ ਹਨ, ਇਸ ਲਈ ਇਨ੍ਹਾਂ ਨੂੰ ਵਰਤਣਾ ਮਹਿੰਗਾ ਹੋ ਸਕਦਾ ਹੈ। ਜੇ ਤੁਹਾਡੇ ਛੋਟੇ ਬੱਚੇ ਹਨ ਤਾਂ ਸਪੇਸ ਹੀਟਰਜ਼ ਹੋਰ ਵੀ ਖਤਰਨਾਕ ਹੋ ਸਕਦੇ ਹਨ।
- ਜੇ ਤੁਹਾਡੇ ਕੋਲ ਟਾਇਮਰ ਵਾਲਾ ਸਟੋਵ ਹੈ, ਤਾਂ ਇਹ ਯਕੀਨੀ ਬਣਾਉ ਕਿ ਇਹ ਠੀਕ ਤਰ੍ਹਾਂ ਸੈਟ ਕੀਤਾ ਗਿਆ ਹੈ। ਜੇ ਤੁਸੀਂ ਇਸਦਾ ਗਲਤ ਟਾਇਮ ਨਿਰਧਾਰਤ ਕਰ ਦਿੰਦੇ ਹੋ ਤਾਂ ਇਹ ਸਟੋਵ ਨੂੰ ਉਸ ਸਮੇਂ ਚਾਲੂ ਕਰ ਦੇਵੇਗਾ ਜਦੋਂ ਤੁਸੀਂ ਨਹੀਂ ਚਾਹੁੰਦੇ। ਇਹ ਸਟੋਵ ਦਾ ਨੁਕਸਾਨ ਕਰ ਸਕਦਾ ਹੈ ਜਾਂ ਇੱਥੋਂ ਤੱਕ ਕਿ ਜਦੋਂ ਤੁਸੀਂ ਘਰ ਨਹੀਂ ਹੁੰਦੇ ਤਾਂ ਸਟੋਵ ਨੂੰ ਚਲਾ ਕੇ ਅੱਗ ਲਗਾ ਸਕਦਾ ਹੈ।
- ਜੇ ਸਰਦੀਆਂ ਵਿਚ ਤੁਹਾਡਾ ਘਰ ਬਹੁਤ ਨਿੱਘਾ ਹੋ ਗਿਆ ਹੈ, ਤਾਂ ਖਿੜਕੀਆਂ ਨੂੰ ਖੋਲਣ ਦੀ ਥਾਂ ਤੇ ਥਰਮੋਸਟੈਟ ਨੂੰ ਬੰਦ ਕਰਕੇ ਦੇਖੋ। ਥਰਮੋਸਟੈਟ ਇਕ ਛੋਟਾ ਜਿਹਾ ਡਾਇਲ ਜਾਂ ਪੈਨਲ ਹੁੰਦਾ ਹੈ ਜੋ ਤੁਹਾਨੂੰ ਤੁਹਾਡੇ ਘਰ ਦੇ ਅੰਦਰ ਦੇ ਤਾਪਮਾਨ ਨੂੰ ਘੱਟ-ਵੱਧ ਕਰਦਾ ਹੈ। ਥਰਮੋਸਟੈਟ ਨੂੰ ਬੰਦ ਕਰਨਾ ਊਰਜਾ ਅਤੇ ਪੈਸੇ ਨੂੰ ਬਚਾਉਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਜੇ ਤੁਹਾਡੇ ਅਪਾਰਟਮੈਂਟ ਵਿਚ ਥਰਮੋਸਟੈਟ ਨਹੀਂ ਹੈ, ਤਾਂ ਸੁਪਰੀਟੈਂਡੈਂਟ ਨੂੰ ਤੁਹਾਡੇ ਲਈ ਤਾਪਮਾਨ ਨੂੰ ਬਦਲਣ ਲਈ ਕਹੋ।

ਯਾਦ ਰੱਖੋ; ਤੁਹਾਡਾ ਮਕਾਨ ਮਾਲਕ ਤੁਹਾਡੇ ਘਰ ਨੂੰ ਸੁਰੱਖਿਅਤ ਅਤੇ ਰਹਿਣਯੋਗ ਬਣਾਉਣ ਲਈ ਜ਼ਿੰਮੇਵਾਰ ਹੈ। ਇਸਦੇ ਵਿਚ ਹੀਟਿੰਗ, ਪਲੰਬਿੰਗ, ਬਿਜਲੀ, ਤਾਲਿਆਂ, ਦੀਵਾਰਾਂ, ਫਰਸ਼ਾਂ, ਛੱਤਾਂ, ਫਾਇਰ ਡੋਰਜ਼, ਫਾਇਰ ਐਸਕੇਪਸ, ਇੰਟਰਕੌਮਜ਼ ਅਤੇ ਐਲੀਵੇਟਰਜ਼ ਦੀ ਮੁਰੰਮਤ ਕਰਨਾ ਅਤੇ ਰੱਖ ਰਖਾਵ ਕਰਨਾ ਸ਼ਾਮਲ ਹੈ। ਤੁਹਾਡਾ ਮਕਾਨ ਮਾਲਕ, ਉਸ ਕਿਸੇ ਵੀ ਚੀਜ਼ ਜਿਵੇਂ ਕਿ ਫਰਿੱਜ ਅਤੇ ਸਟੋਵ, ਲਾਂਡਰੀ ਦੀਆਂ ਸੁਵਿਧਾਵਾਂ, ਸਟੋਰੇਜ ਸ਼ੈਡ ਅਤੇ ਗੈਰਾਜ ਜੋ ਅਪਾਰਟਮੈਂਟ ਦੇ ਨਾਲ ਆਉਂਦੀ ਹੈ, ਅਤੇ ਜੋ ਤੁਹਾਡੇ ਕਿਰਾਏ ਵਿਚ ਸ਼ਾਮਲ ਹੈ, ਲਈ ਵੀ ਜ਼ਿੰਮੇਵਾਰ ਹੈ।

ਪਰ ਤੁਹਾਡੇ ਘਰ ਨੂੰ ਚੰਗੀ ਹਾਲਤ ਵਿਚ ਰੱਖਣ ਲਈ ਆਪਣੀ ਜ਼ਿੰਮੇਵਾਰੀ ਨੂੰ ਨਿਭਾ ਕੇ ਤੁਸੀਂ ਜਿੰਨੀ ਦੇਰ ਤੱਕ ਉਥੇ ਰਹਿਣਾ ਚਾਹੁੰਦੇ ਹੋ ਉਤਨੇ ਸਮੇਂ ਲਈ ਆਪਣੇ ਘਰ ਨੂੰ ਸੁਰੱਖਿਅਤ ਅਤੇ ਆਰਾਮਦਾਇਕ ਰੱਖਣ ਵਿਚ ਮਦਦ ਕਰ ਸਕਦੇ ਹੋ।

ਰਿਹਾਇਸ਼ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ Canada Mortgage and Housing Corporation ਨੂੰ www.cmhc.ca/newcomers 'ਤੇ ਸੰਪਰਕ ਕਰੋ।